Service and Information Update

2 ਜੂਨ, 2023

# ਸਿਟੀ ਆਫ ਬ੍ਰੈਂਪਟਨ ਰੀਜਨ ਆਫ ਪੀਲ ਖਤਮ ਹੋਣ ਬਾਰੇ 8 ਜੂਨ ਨੂੰ ਟੈਲੀ ਟਾਊਨ ਹਾਲ ਆਯੋਜਿਤ ਕਰੇਗੀ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ, ਵਸਨੀਕਾਂ ਅਤੇ ਕਾਰੋਬਾਰੀਆਂ ਨੂੰ 8 ਜੂਨ ਨੂੰ ਟੈਲੀ ਟਾਊਨ ਹਾਲ (Tele Town Hall) ਨਾਲ ਜੁੜਨ ਲਈ ਸੱਦਾ ਦਿੰਦੀ ਹੈ, ਜਿੱਥੇ ਓਨਟੈਰੀਓ ਸਰਕਾਰ ਦੇ 2025 ਵਿੱਚ ਰੀਜਨ ਆਫ ਪੀਲ (Region of Peel) ਨੂੰ ਖਤਮ ਕਰਨ ਦੇ ਫੈਸਲੇ ਅਤੇ ਇਸ ਬਾਰੇ ਚਰਚਾ ਹੋਵੇਗੀ ਕਿ ਬ੍ਰੈਂਪਟਨ ਲਈ ਉਚਿਤ ਢੰਗ ਨਾਲ ਖਤਮ ਹੋਣ ਦਾ ਕੀ ਮਤਲਬ ਹੈ।

ਕਾਉਂਸਿਲ ਦੇ ਮੈਂਬਰ ਅਤੇ ਸਿਟੀ ਦਾ ਸਟਾਫ, ਖਤਮ ਹੋਣ ਦੀ ਪ੍ਰਕਿਰਿਆ ਬਾਰੇ ਬ੍ਰੈਂਪਟਨ ਦੇ ਵਸਨੀਕਾਂ ਦੇ ਸੁਝਾਅ ਲੈਣਾ ਚਾਹੁੰਦਾ ਹੈ, ਜੋ ਸੂਬੇ ਵਿੱਚ ਅਤੇ ਜਲਦੀ ਹੀ ਐਲਾਨ ਕੀਤੇ ਜਾਣ ਵਾਲੇ ਟ੍ਰਾਂਜਿਸ਼ਨ ਬੋਰਡ (Transition Board) ਵਿੱਚ ਭਵਿੱਖੀ ਹਿਮਾਇਤ ਬਾਰੇ ਬ੍ਰੈਂਪਟਨ ਦੀ ਪੋਜੀਸ਼ਨ ਦੱਸਣਗੇ।

18 ਮਈ, 2023 ਨੂੰ, ਓਨਟੈਰੀਓ ਸੂਬੇ ਨੇ ਬਿਲ 112 – ਦ ਹੇਜ਼ਲ ਮੈਕੈਲਿਅਨ ਐਕਟ (ਪੀਲ ਡਿਜੋਲੂਸ਼ਨ), 2023 (Bill 112 - The Hazel McCallion Act (Peel Dissolution), 2023) ਪੇਸ਼ ਕੀਤਾ ਸੀ, ਜਿਸਦਾ ਉਦੇਸ਼ ਬ੍ਰੈਂਪਟਨ, ਕੈਲਡਨ (Caledon) ਅਤੇ ਮਿਸੀਸਾਗਾ (Mississauga) ਨੂੰ ਸਿੰਗਲ-ਟਿਅਰ ਮਿਉਨਿਸਿਪਲਟੀਜ ਵਜੋਂ ਪੇਸ਼ ਕਰਨਾ ਅਤੇ 1 ਜਨਵਰੀ, 2025 ਤੱਕ ਰੀਜਨ ਆਫ ਪੀਲ ਨੂੰ ਖਤਮ ਕਰਨਾ ਹੈ।

ਸਿਟੀ ਉਜਾਗਰ ਕਰੇਗੀ ਕਿ ਬ੍ਰੈਂਪਟਨ ਦੇ ਵਸਨੀਕਾਂ ਨੇ ਕਿਵੇਂ, 1974 ਤੋਂ ਰੀਜਨ ਆਫ ਪੀਲ ਦੇ ਦੁਆਰਾ, ਮਿਸੀਸਾਗਾ ਦੇ ਵਾਧੇ ਵਿੱਚ ਸਹਾਇਤਾ ਕੀਤੀ ਅਤੇ ਉਹਨਾਂ ਲਾਗਤਾਂ ਅਤੇ ਖਰਚਿਆਂ ਦਾ ਸਾਰ ਪੇਸ਼ ਕਰੇਗੀ, ਜੋ ਸਿਟੀ ਨੂੰ ਆਸ ਹੈ ਕਿ ਖਤਮ ਹੋਣ ਦੀ ਪ੍ਰਕਿਰਿਆ ਦੁਆਰਾ ਵਾਪਸ ਹੋਣਗੇ।

ਟੈਲੀ ਟਾਊਨ ਹਾਲ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਮੇਜਬਾਨੀ, ਮੇਅਰ ਪੈਟਰਿਕ ਬ੍ਰਾਊਨ (Patrick Brown) ਵੱਲੋਂ ਕੀਤੀ ਜਾਵੇਗੀ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਮਾਈਕਲ ਪਲੇਸ਼ੀ (Michael Palleschi), ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ; ਰੀਜਨਲ ਕਾਉਂਸਲਰ, ਵਾਰਡਸ 2 ਅਤੇ 6
- ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ
- ਸਟੀਵ ਗੈਨੇਸ਼ (Steve Ganesh), ਕਮਿਸ਼ਨਰ, ਪਲਾਨਿੰਗ ਬਿਲਡਿੰਗ ਐਂਡ ਗ੍ਰੋਥ ਮੈਨੇਜਮੈਂਟ, ਸਿਟੀ ਆਫ ਬ੍ਰੈਂਪਟਨ
- ਨੈਸ਼ ਡੈਮੇਰ (Nash Damer), ਟ੍ਰੈਜਰ, ਸਿਟੀ ਆਫ ਬ੍ਰੈਂਪਟਨ

**ਤਾਰੀਖ ਯਾਦ ਰੱਖੋ – ਰੀਜਨ ਆਫ ਪੀਲ ਦੇ ਖਤਮ ਹੋਣ ਤੇ ਸਿਟੀ ਆਫ ਬ੍ਰੈਂਪਟਨ ਦਾ ਟੈਲੀ ਟਾਊਨ ਹਾਲ**
ਵੀਰਵਾਰ, 8 ਜੂਨ
ਰਾਤ 8 ਵਜੇ ਤੋਂ 9:30 ਵਜੇ ਤੱਕ

ਫੋਨ ਦੁਆਰਾ ਹਿੱਸਾ ਲਵੋ

ਭਾਗੀਦਾਰੀ ਦੀ ਪੁਸ਼ਟੀ ਕਰਨ ਅਤੇ 8 ਜੂਨ ਦੀ ਸ਼ਾਮ ਨੂੰ ਫੋਨ ਕਾਲ ਪ੍ਰਾਪਤ ਕਰਨ ਲਈ, ਲੈਟਸ ਕਨੈਕਟ ਬ੍ਰੈਂਪਟਨ (Let's Connect Brampton) ਤੇ ਰਜਿਸਟਰ ਕਰੋ।

ਔਨਲਾਈਨ ਜੁੜੋ

ਵਸਨੀਕ, ਉਸ ਰਾਤ ਨੂੰ ਔਨਲਾਈਨ ਵੀ ਸੁਣ (listen online) ਸਕਦੇ ਹਨ।

-30-

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca